

# ਸਕੌਟਲੈਂਡ ਵਿੱਚ ਰਹਿ ਰਹੇ ਪਰਿਵਾਰਾਂ ਲਈ ਜਾਣਕਾਰੀ

East Renfrewshire
Child Protection
Committee

Punjabi



# ਬੱਚਿਆਂ ਦੀ ਦੇਖਭਾਲ ਕਰਨੀ: ਸਕੌਟਲੈਂਡ ਵਿੱਚ ਰਹਿ ਰਹੇ ਪਰਿਵਾਰਾਂ ਲਈ ਜਾਣਕਾਰੀ

ਇਹ ਕਿਤਾਬਚਾ ਤੁਹਾਨੂੰ ਬੱਚਿਆਂ ਅਤੇ ਨੌਜਵਾਨਾਂ ਦੀ ਰੱਖਿਆ ਕਰਨ ਅਤੇ ਦੇਖਭਾਲ ਕਰਨ ਬਾਰੇ ਸਕੌਟਲੈਂਡ ਦੇ ਕਨੂੰਨਾਂ ਬਾਰੇ ਦੱਸਦਾ ਹੈ। ਇਹ ਤੁਹਾਨੂੰ ਇਸ ਬਾਰੇ ਵੀ ਦੱਸਦਾ ਹੈ ਕਿ ਬੱਚਿਆਂ ਦੀ ਦੇਖਭਾਲ ਕਰਨ ਵਾਲੇ ਬਾਲਗਾਂ ਤੋਂ ਕੀ ਉਮੀਦ ਕੀਤੀ ਜਾਂਦੀ ਹੈ।

ਸਕੌਟਲੈਂਡ ਵਿੱਚ, ਕਨੂੰਨ ਕਹਿੰਦਾ ਹੈ ਮਾਤਾ-ਪਿਤਾ ਨੂੰ ਲਾਜ਼ਮੀ ਤੌਰ 'ਤੇ:

- ਆਪਣੇ ਬੱਚਿਆਂ ਦੇ ਆਮ ਕਲਿਆਣ, ਸਿਹਤ ਅਤੇ ਪੂਰਨ ਵਿਕਾਸ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਅਤੇ
- ਉਹਨਾਂ ਦੀ ਨੁਕਸਾਨ ਤੋਂ ਰੱਖਿਆ ਕਰਨੀ ਚਾਹੀਦੀ ਹੈ

ਕਿਸੇ ਬੱਚੇ ਦੀ ਦੇਖਭਾਲ ਕਰਨ ਵਾਲਾ ਕੋਈ ਵੀ ਵਿਅਕਤੀ ਇਹ ਯਕੀਨੀ ਬਣਾਉਣ ਲਈ ਵੀ ਜ਼ੁੰਮੇਵਾਰ ਹੈ ਕਿ ਬੱਚਾ ਹਰ ਸਮੇਂ ਸੁਰੱਖਿਅਤ ਅਤੇ ਠੀਕ ਰਹੇ।

## ਕਨੂੰਨ

ਸਕੌਟਲੈਂਡ ਵਿੱਚ, ਆਮ ਸ਼ਬਦਾਂ ਵਿੱਚ, ਬੱਚਾ 16 ਸਾਲ ਤੋਂ ਘੱਟ ਉਮਰ ਦਾ ਕੋਈ ਵਿਅਕਤੀ ਹੁੰਦਾ ਹੈ।

ਸਕੌਟਲੈਂਡ ਵਿੱਚ ਬੱਚਿਆਂ ਅਤੇ ਨੌਜਵਾਨਾਂ 'ਤੇ ਕਨੂੰਨ ਇਹਨਾਂ ਸਿਧਾਂਤਾਂ 'ਤੇ ਅਧਾਰਿਤ ਹੈ ਕਿ:

- ਬੱਚੇ ਦਾ ਕਲਿਆਣ ਸਭ ਤੋਂ ਪਹਿਲਾਂ ਆਉਂਦਾ ਹੈ
- ਸਾਰੇ ਬੱਚਿਆਂ ਨੂੰ ਹੱਕ ਹੈ ਕਿ ਉਹਨਾਂ ਦੀ ਹਰ ਕਿਸਮ ਦੇ ਦੁਰਵਿਹਾਰ, ਅਣਗਹਿਲੀ ਜਾਂ ਸ਼ੋਸ਼ਣ ਤੋਂ ਰੱਖਿਆ ਕੀਤੀ ਜਾਵੇ
- ਆਮ ਤੌਰ 'ਤੇ ਮਾਤਾ-ਪਿਤਾ ਨੂੰ ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਕਰਨ ਲਈ ਜ਼ੁੰਮੇਵਾਰ ਹੋਣਾ ਚਾਹੀਦਾ ਹੈ

ਸਕੌਟਲੈਂਡ ਵਿੱਚ ਕਈ ਵੱਖ-ਵੱਖ ਕਨੂੰਨ ਹਨ, ਜਿਨ੍ਹਾਂ ਨੂੰ ਇਹ ਯਕੀਨੀ ਬਣਾਉਣ ਲਈ ਬਣਾਇਆ ਗਿਆ ਹੈ ਕਿ ਬੱਚਿਆਂ ਅਤੇ ਕਿਸ਼ੋਰਾਂ ਦੀ ਰੱਖਿਆ ਅਤੇ ਦੇਖਭਾਲ ਸਹੀ ਢੰਗ ਨਾਲ ਕੀਤੀ ਜਾਵੇ। ਇਹਨਾਂ ਕਨੂੰਨਾਂ ਨੂੰ ਲਾਗੂ ਕਰਨ ਲਈ ਪੁਲੀਸ ਜ਼ੁੰਮੇਵਾਰ ਹੈ, ਪਰ ਇਹ ਯਕੀਨੀ ਬਣਾਉਣ ਵਿੱਚ ਸਾਰੀਆਂ ਏਜੰਸੀਆਂ ਅਤੇ ਜਨਤਕ ਸੰਗਠਨਾਂ ਦੀਆਂ ਜ਼ੁੰਮੇਦਾਰੀਆਂ ਹਨ ਕਿ ਇਹਨਾਂ ਕਨੂੰਨਾਂ ਨੂੰ ਤੋੜਿਆ ਨਾ ਜਾਵੇ। ਅਸੀਂ ਇਹ ਵੀ ਮੰਨਦੇ ਹਾਂ ਕਿ ਇਹ ਯਕੀਨੀ ਬਣਾਉਣਾ ਹਰ ਇੱਕ ਵਿਅਕਤੀ ਦਾ ਕੰਮ ਹੈ, ਚਾਹੇ ਉਹ ਮਾਤਾ-ਪਿਤਾ ਹੋਣ ਜਾਂ ਆਮ ਜਨਤਾ, ਕਿ ਬੱਚੇ ਅਤੇ ਨੌਜਵਾਨ ਸੁਰੱਖਿਅਤ ਹੋਣ।

## ਬੱਚਿਆਂ ਨੂੰ ਸਰੀਰਕ ਸਜ਼ਾ

ਸਕੌਟਲੈਂਡ ਵਿੱਚ ਕਨੂੰਨ ਅਜਿਹੇ ਕਿਸੇ ਵੀ ਸਜ਼ਾ ਤੋਂ ਬੱਚਿਆਂ ਦੀ ਰੱਖਿਆ ਕਰਦਾ ਹੈঃ

- ਜੋ ਬਹੁਤ ਜ਼ਿਆਦਾ ਸਖ਼ਤ ਹੋਵੇ
- ਜਿਸ ਵਿੱਚ ਬਹੁਤ ਵੱਧ ਬਲ ਸ਼ਾਮਲ ਹੋਵੇ
- ਜੋ ਉਹਨਾਂ ਨੂੰ ਨੁਕਸਾਨ ਪਹੁੰਚਾਉਂਦੀ ਹੋਵੇ

ਤੁਹਾਨੂੰ ਆਪਣੇ ਬੱਚਿਆਂ ਨੂੰ ਅਜਿਹੇ ਤਰੀਕਿਆਂ ਨਾਲ ਅਨੁਸ਼ਾਸ਼ਿਤ ਨਹੀਂ ਕਰਨਾ ਚਾਹੀਦਾ ਜਿਨ੍ਹਾਂ ਵਿੱਚ ਉਹਨਾਂ ਨੂੰ ਮਾਰਨਾ ਜਾਂ ਸੱਟ ਪਹੁੰਚਾਉਣੀ ਸ਼ਾਮਲ ਹੋਵੇ। ਬੱਚਿਆਂ ਨੂੰ ਖ਼ਤਰਨਾਕ ਤਰੀਕੇ ਨਾਲ ਸਜ਼ਾ ਦੇਣਾ ਸਾਡੇ ਕਨੂੰਨਾਂ ਦੇ ਵਿਰੁੱਧ ਹੈ ਜਿਵੇਂ ਕਿঃ

- ਝੰਜੋੜਨਾ
- ਸਿਰ 'ਤੇ ਮਾਰਨਾ
- ਬੱਚਿਆਂ ਨੂੰ "ਸਜ਼ਾ ਦੇਣ" ਲਈ ਕਿਸੇ ਚੀਜ਼ ਨੂੰ ਵਰਤਣਾ

(ਜਿਵੇਂ ਕਿ ਜੁੱਤੀ, ਸੋਟੀ, ਚੱਪਲ)

ਚਾਈਲਡ ਪ੍ਰੋਟੈਕਸ਼ਨ ਸਰਵਿਸਿਜ਼ (ਬਾਲ ਰੱਖਿਆ ਸੇਵਾਵਾਂ) ਕਿਸੇ ਵੀ ਅਜਿਹੇ ਸੰਕੇਤਾਂ ਦੀ ਜਾਂਚ-ਪੜਤਾਲ ਕਰੇਗੀ ਜਿਸ ਵਿੱਚ ਕਿਸੇ ਬੱਚੇ ਨਾਲ ਸਰੀਰਕ ਤੌਰ 'ਤੇ ਦੁਰਵਿਹਾਰ ਕੀਤਾ ਗਿਆ ਹੈ।

ਸਕੌਟਲੈਂਡ ਵਿੱਚ ਬੱਚਿਆਂ ਅਤੇ ਨੌਜਵਾਨਾਂ ਨੂੰ ਸਰੀਰਕ ਸਜ਼ਾ ਦੇਣ ਦੀਆਂ ਇਹ ਖ਼ਤਰਨਾਕ ਕਿਸਮਾਂ ਕਨੂੰਨ ਦੇ ਵਿਰੁੱਧ ਹਨ।

## ਇਕੱਲੇ ਛੱਡ ਦਿੱਤੇ ਗਏ ਬੱਚੇ

ਤੁਹਾਨੂੰ ਕਦੇ ਵੀ ਛੋਟੇ ਬੱਚਿਆਂ ਨੂੰ ਇਕੱਲੇ ਨਹੀਂ ਛੱਡਣਾ ਚਾਹੀਦਾ, ਥੋੜ੍ਹੇ ਜਿਹੇ ਸਮੇਂ ਲਈ ਵੀ ਨਹੀਂ। ਜੇ ਇਕੱਲਾ ਛੱਡ ਦਿੱਤੇ ਜਾਣ ਦੇ ਕਾਰਨ ਕਿਸੇ ਬੱਚੇ ਨੂੰ ਸੱਟ ਲੱਗਦੀ ਹੈ ਜਾਂ ਉਸਨੂੰ ਨੁਕਸਾਨ ਪਹੁੰਚਦਾ ਹੈ ਤਾਂ ਪੁਲੀਸ ਜਾਂਚ-ਪੜਤਾਲ ਕਰੇਗੀ (ਅਤੇ ਜੇ ਕੁਝ ਗਲਤ ਹੁੰਦਾ ਹੈ ਤਾਂ ਕਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ)।

ਆਪਣੇ ਬੱਚੇ ਨੂੰ ਹਮੇਸ਼ਾਂ ਕਿਸੇ ਅਜਿਹੇ ਬਾਲਗ ਦੀ ਦੇਖਭਾਲ ਵਿੱਚ ਛੱਡੋ ਜਿਸ 'ਤੇ ਤੁਹਾਨੂੰ ਭਰੋਸਾ ਹੋਵੇ।

ਤੁਹਾਨੂੰ ਹਮੇਸ਼ਾਂ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਡੇ ਬੱਚੇ ਦੀ ਦੇਖਭਾਲ ਕਰਨ ਵਾਲਾ ਕੋਈ ਵੀ ਵਿਅਕਤੀ ਜ਼ੁੰਮੇਵਾਰ ਅਤੇ ਭਰੋਸੇਮੰਦ ਹੋਵੇ।

ਆਪਣੇ ਬੱਚੇ ਨੂੰ ਕਦੇ ਵੀ ਕਿਸੇ ਅਜਨਬੀ ਦੇ ਨਾਲ ਨਾ ਛੱਡੋ।

## ਬੱਚੇ ਅਤੇ ਕੰਮ



ਸਕੌਟਲੈਂਡ ਵਿੱਚ 13 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕੰਮ ਕਰਨ ਦੀ ਆਗਿਆ ਨਹੀਂ ਹੈ। 16 ਸਾਲ ਘੱਟ ਉਮਰ ਦੇ ਕਿਸੇ ਵੀ ਬੱਚੇ ਨੂੰ ਸਵੇਰ 7 ਵਜੇ ਤੋਂ ਪਹਿਲਾਂ ਅਤੇ ਸ਼ਾਮ 7 ਵਜੇ ਦੇ ਬਾਅਦ ਨੌਕਰੀ 'ਤੇ ਨਹੀਂ ਰੱਖਿਆ ਜਾ ਸਕਦਾ ਹੈ। 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕਿਸੇ ਵੀ ਦਿਨ ਵਿੱਚ 2 ਘੰਟੇ ਤੋਂ ਵੱਧ ਕੰਮ ਕਰਨ ਦੀ ਆਗਿਆ ਨਹੀਂ ਦਿੱਤੀ ਜਾਂਦੀ ਹੈ, ਸਿਵਾਏ ਸ਼ਨੀਵਾਰ ਦੇ, ਜਦੋਂ ਉਹਨਾਂ ਨੂੰ 5 ਘੰਟੇ ਤਕ (ਜੇ ਉਮਰ 15 ਸਾਲ ਤੋਂ ਘੱਟ ਹੈ) ਜਾਂ 8 ਘੰਟੇ ਤਕ (ਜੇ ਉਮਰ 15 ਸਾਲ ਜਾਂ ਇਸ ਤੋਂ ਵੱਧ ਹੈ) ਕੰਮ ਕਰਨ ਦੀ ਆਗਿਆ ਹੁੰਦੀ ਹੈ।

ਬੱਚੇ ਸਕੂਲ ਦੇ ਸਮੇਂ ਵਿੱਚ ਕੰਮ ਨਹੀਂ ਕਰ ਸਕਦੇ ਹਨ ਅਤੇ ਸਕੂਲ ਸ਼ੁਰੂ ਹੋਣ ਤੋਂ ਪਹਿਲਾਂ ਸਿਰਫ਼ 1 ਘੰਟਾ ਕੰਮ ਕਰ ਸਕਦੇ ਹਨ। ਬੱਚਿਆਂ ਨੂੰ ਕਿਸੇ ਵੀ ਉਦਯੋਗਕ ਸਥਾਨਾਂ (ਕਾਰਖਾਨਿਆਂ ਅਤੇ ਇਮਾਰਤ ਨਿਰਮਾਣ ਦੀਆਂ ਸਾਈਟਾਂ ਸਹਿਤ) ਵਿੱਚ ਕੰਮ ਕਰਨ ਜਾਂ ਕਿਸੇ ਵੀ ਅਜਿਹੇ ਕੰਮ ਵਿੱਚ ਲੱਗਣ ਦੀ ਮਨਾਹੀ ਹੈ ਜਿਸ ਨਾਲ ਉਹਨਾਂ ਦੇ ਸਿਹਤ ਕਲਿਆਣ ਜਾਂ ਸਿੱਖਿਆ ਨੂੰ ਸੰਭਾਵਿਤ ਰੂਪ ਨਾਲ ਨੁਕਸਾਨ ਪਹੁੰਚ ਸਕਦਾ ਹੋਵੇ।

## ਬੱਚੇ ਅਤੇ ਭੀਖ ਮੰਗਣਾ

ਸਕੌਟਲੈਂਡ ਵਿੱਚ ਬੱਚਿਆਂ ਦੀ ਦੇਖਭਾਲ ਕਰਨ ਵਾਲੇ ਮਾਤਾ-ਪਿਤਾ ਅਤੇ ਲੋਕਾਂ ਲਈ ਬੱਚਿਆਂ ਨੂੰ ਭੀਖ ਮੰਗਣ ਦੇਣਾ ਗੈਰ-ਕਨੂੰਨੀ ਹੈ। 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਭੀਖ ਮੰਗਵਾਉਣਾ ਜਾਂ ਭੀਖ ਮੰਗਣ ਦੀ ਆਗਿਆ ਦੇਣਾ ਅਪਰਾਧ ਹੈ। ਮਤਲਬ ਇਹ ਹੈ ਕਿ ਮਾਤਾ-ਪਿਤਾ ਆਪਣੇ ਬੱਚਿਆਂ ਲਈ ਜ਼ੁੰਮੇਵਾਰ ਹਨ ਅਤੇ ਜੇ ਉਹ ਆਪਣੇ ਬੱਚਿਆਂ ਨੂੰ ਭੀਖ ਮੰਗਣ ਦਿੰਦੇ ਹਨ ਤਾਂ ਉਹਨਾਂ ਦੇ ਵਿਰੁੱਧ ਕਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ। ਸੰਭਾਵਨਾ ਹੈ ਕਿ ਜੇ ਆਮ ਜਨਤਾ ਬੱਚਿਆਂ ਨੂੰ ਭੀਖ ਮੰਗਦੇ ਹੋਏ ਦੇਖੇਗੀ ਤਾਂ ਉਹ ਪੁਲੀਸ ਨੂੰ ਦੱਸ ਦੇਣਗੇ।

## ਫ਼ੀਮੇਲ ਜੇਨਿਟਲ ਮਿਊਟਲੇਸ਼ਨ (FGM)

ਹੇਠਾਂ ਲਿਖਿਆ ਸਕੌਟਲੈਂਡ ਵਿੱਚ ਇੱਕ ਅਪਰਾਧ ਹੈਃ

- ਇਹ ਆਪਰੇਸ਼ਨ ਕਰਨਾ
- ਇਹ ਆਪਰੇਸ਼ਨ ਕਿਸੇ ਦੂਸਰੇ ਦੇਸ਼ ਵਿੱਚ ਕਰਨਾ
- ਇਹ ਆਪਰੇਸ਼ਨ ਕਿਸੇ ਦੂਸਰੇ ਦੇਸ਼ ਵਿੱਚ ਕਰਨ ਦਾ ਪ੍ਰਬੰਧ ਕਰਨਾ ਚਾਹੇ ਉੱਥੇ ਇਹ ਕਨੂੰਨੀ ਤੌਰ 'ਤੇ ਜਾਇਜ਼ ਹੋਵੇ।

ਫ਼ੀਮੇਲ ਜੇਨਿਟਲ ਮਿਊਟਲੇਸ਼ਨ (ਔਰਤ ਦੇ ਜਣਨਅੰਗਾਂ ਨੂੰ ਕੱਟਣਾ) ਬਹੁਤ ਹੀ ਜ਼ਿਆਦਾ ਨੁਕਸਾਨਦੇਹ ਹੈ। ਇਸ ਕਾਰਨ ਲੰਬੇ ਸਮੇਂ ਤਕ ਮਾਨਸਿਕ ਅਤੇ ਸਰੀਰਕ ਦਰਦ ਹੋ ਸਕਦਾ ਹੈ। ਇਹ ਮਨੁੱਖੀ ਹੱਕਾਂ ਦੇ ਸਭ ਤੋਂ ਬੁਨਿਆਦੀ ਹੱਕ ਦਾ ਉਲੰਘਣ ਕਰਦਾ ਹੈ ਅਤੇ ਸਕੌਟਲੈਂਡ ਵਿੱਚ ਗੈਰਕਨੂੰਨੀ ਹੈ।

## ਜ਼ਬਰਦਸਤੀ ਵਿਆਹ

ਜ਼ਬਰਦਸਤੀ ਵਿਆਹ ਸਕੌਟਲੈਂਡ ਵਿੱਚ ਗੈਰਕਨੂੰਨੀ ਹੈ ਅਤੇ ਇਸਨੂੰ ਮਨੁੱਖੀ ਹੱਕਾਂ ਦਾ ਦੁਰਉਪਯੋਗ ਮੰਨਿਆ ਜਾਂਦਾ ਹੈ।
ਜੇ ਕਿਸੇ ਅਜਿਹੇ ਅਪਰਾਧ ਦੀ ਰਿਪੋਰਟ ਕੀਤੀ ਜਾਂਦੀ ਹੈ ਜਿੱਥੇ ਕਿਸੇ ਬੱਚੇ ਜਾਂ ਨੌਜਵਾਨ ਨੂੰ ਉਸਦੀ ਇੱਛਾ ਦੇ ਵਿਰੁੱਧ ਵਿਆਹ ਕਰਨ ਲਈ ਮਜਬੂਰ ਕੀਤਾ ਗਿਆ ਹੈ ਤਾਂ ਪੁਲੀਸ ਜਾਂਚ-ਪੜਤਾਲ ਕਰੇਗੀ।

ਜਿਨ੍ਹਾਂ ਬੱਚਿਆਂ ਦਾ ਜ਼ਬਰਦਸਤੀ ਵਿਆਹ ਕੀਤਾ ਜਾਂਦਾ ਹੈ ਜਾਂ ਨਤੀਜੇ-ਵੱਜੋਂ ਜਿਨ੍ਹਾਂ ਨਾਲ ਭਾਵਨਾਤਮਕ, ਸਰੀਰਕ ਜਾਂ ਜਿਨਸੀ ਦੁਰਵਿਹਾਰ ਕੀਤਾ ਜਾਂਦਾ ਹੈ, ਉਹਨਾਂ ਦੀ ਕਨੂੰਨ ਦੁਆਰਾ ਰੱਖਿਆ ਕੀਤੀ ਜਾਂਦੀ ਹੈ ਅਤੇ ਚਾਈਲਡ ਪ੍ਰੋਟੈਕਸ਼ਨ ਸਰਵਿਸਿਜ਼ ਦੁਆਰਾ ਉਹਨਾਂ ਨਾਲ ਕੀਤੇ ਗਏ ਦੁਰਵਿਹਾਰ ਦੀ ਜਾਂਚ-ਪੜਤਾਲ ਕੀਤੀ ਜਾਏਗੀ।

## ਜਿਨਸੀ ਗਤੀਵਿਧੀ ਅਤੇ ਨੌਜਵਾਨ

ਸਕੌਟਲੈਂਡ ਵਿੱਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨਾਲ ਬਾਲਗਾਂ ਦੁਆਰਾ ਜਿਨਸੀ ਸੰਬੰਧ ਬਣਾਇਆ ਜਾਣਾ ਅਪਰਾਧ ਹੈ।

ਨੌਜਵਾਨਾਂ ਨੂੰ ਸੰਭੋਗ ਅਤੇ ਜਿਨਸੀ ਸੰਬੰਧਾਂ ਵਿੱਚ ਸੁਭਾਵਕ ਦਿਲਚਸਪੀ ਹੁੰਦੀ ਹੈ। ਉਹਨਾਂ ਨੂੰ ਸਿਹਤ, ਸਿੱਖਿਆ, ਸਹਾਇਤਾ ਅਤੇ ਰੱਖਿਆ ਪ੍ਰਾਪਤ ਕਰਨ ਦਾ ਹੱਕ ਹੈ। ਇਸਨੂੰ ਸਕੌਟਲੈਂਡ ਵਿੱਚ ਸਿੱਖਿਆ ਅਤੇ ਸਿਹਤ ਸੇਵਾਵਾਂ (Education and Health Services in Scotland) ਦੁਆਰਾ ਪਛਾਣਿਆ ਜਾਂਦਾ ਹੈ।

ਪਰ, ਬਾਲਗਾਂ ਦੀ ਇਹ ਪਛਾਨਣ ਦੀ ਜ਼ੁੰਮੇਵਾਰੀ ਹੈ ਕਿ ਨੌਜਵਾਨਾਂ ਦੇ ਨਾਲ ਕੋਈ ਸੰਬੰਧ ਕਦੋਂ ਅਪਮਾਨਜਨਕ ਜਾਂ ਸ਼ੋਸ਼ਣ ਭਰਿਆ ਹੋ ਸਕਦਾ ਹੈ। ਜੇ ਬਾਲਗਾਂ ਨੂੰ ਲੱਗੇ ਕਿ ਇਹ ਹੋ ਰਿਹਾ ਹੈ ਤਾਂ ਉਹਨਾਂ ਨੂੰ ਪ੍ਰਤਿਕ੍ਰਿਆ ਕਰਨੀ ਚਾਹੀਦੀ ਹੈ ਸਹਾਇਤਾ ਪੇਸ਼ ਕਰਨੀ ਚਾਹੀਦੀ ਹੈ। ਅਜਿਹੇ ਮਾਮਲਿਆਂ ਵਿੱਚ ਬਾਲਗਾਂ ਨੂੰ ਹਮੇਸ਼ਾਂ ਮਾਮਲੇ ਦੀ ਰਿਪੋਰਟ ਅਧਿਕਾਰੀਆਂ ਨੂੰ ਕਰਨ ਬਾਰੇ ਸੋਚਣਾ ਚਾਹੀਦਾ ਹੈ ਤਾਂ ਜੋ ਸੰਬੰਧਤ ਨੌਜਵਾਨ ਦੀ ਢੁਕਵੇਂ ਢੰਗ ਨਾਲ ਰੱਖਿਆ ਕੀਤੀ ਜਾ ਸਕੇ।

ਇਹ ਜਾਣਨਾ ਮਹੱਤਵਪੂਰਨ ਹੈ ਕਿ ਹੋ ਸਕਦਾ ਹੈ ਬਾਲਗ ਬੱਚਿਆਂ ਅਤੇ ਨੌਜਵਾਨਾਂ ਨੂੰ ਨੁਕਸਾਨ ਪਹੁੰਚਾਉਣ ਦੇ ਉਦੇਸ਼ ਨਾਲ "ਤਿਆਰ ਕਰਨ"। "ਤਿਆਰ ਕਰਨ" ਦਾ ਮਤਲਬ ਹੈ ਕਿ ਬਾਲਗ ਕਿਸੇ ਬੱਚੇ ਜਾਂ ਨੌਜਵਾਨ ਨਾਲ ਸੰਪਰਕ ਕਰਨ ਅਤੇ ਦੋਸਤੀ ਕਰਨ ਤਾਂ ਜੋ ਉਹ ਉਹਨਾਂ ਨਾਲ ਜਿਨਸੀ ਤੌਰ 'ਤੇ ਦੁਰਵਿਹਾਰ ਕਰ ਸਕਣ। ਜੇ ਤੁਸੀਂ ਸਮਝਦੇ ਹੋ ਕਿ ਤੁਹਾਡੇ ਬੱਚੇ ਜਾਂ ਕਿਸੇ ਦੂਸਰੇ ਬੱਚੇ ਦੇ ਨਾਲ ਇਸ ਤਰੀਕੇ ਨਾਲ ਸੰਪਰਕ ਕੀਤਾ ਜਾ ਰਿਹਾ ਹੈ ਤਾਂ ਸਲਾਹ ਅਤੇ ਸਹਾਇਤਾ ਪ੍ਰਾਪਤ ਕਰੋ ਅਤੇ ਹਮੇਸ਼ਾਂ ਇਸਦੀ ਰਿਪੋਰਟ ਪੁਲੀਸ ਨੂੰ ਕਰੋ।

## ਤੁਹਾਡੀ ਜ਼ੁੰਮੇਵਾਰੀ

ਜੇ ਤੁਸੀਂ ਮਾਤਾ/ਪਿਤਾ ਜਾਂ ਦੇਖਭਾਲ ਦੇਣ ਵਾਲੇ ਹੋ, ਤਾਂ ਤੁਸੀਂ ਆਪਣੇ ਬੱਚੇ ਦੀ ਸੁਰੱਖਿਆ ਲਈ ਜ਼ੁੰਮੇਵਾਰ ਹੋ।



ਆਮ ਤੌਰ 'ਤੇ ਮਾਤਾ-ਪਿਤਾ ਸਰਕਾਰੀ ਏਜੰਸੀਆਂ ਦੇ ਸ਼ਾਮਲ ਹੋਣ ਦੀ ਲੋੜ ਦੇ ਬਿਨਾਂ ਆਪਣੀਆਂ ਜ਼ੁੰਮੇਵਾਰੀਆਂ ਨੂੰ ਪੂਰਾ ਕਰਦੇ ਹਨ। ਸਕੌਟਲੈਂਡ ਵਿੱਚ ਇਹ ਮਹੱਤਵਪੂਰਨ ਹੈ ਕਿ ਪਰਿਵਾਰਕ ਜੀਵਨ ਨੂੰ ਚਲਾਉਣਾ ਆਮ ਤੌਰ 'ਤੇ ਮਾਤਾ-ਪਿਤਾ ਅਤੇ ਪਰਿਵਾਰ ਦੇ ਮੈਂਬਰਾਂ 'ਤੇ ਛੱਡ ਦਿੱਤਾ ਜਾਵੇ। ਹਾਲਾਂਕਿ, ਓਨਾ ਹੀ ਮਹੱਤਵਪੂਰਨ ਇਹ ਵੀ ਹੈ ਕਿ ਬੱਚਿਆਂ ਅਤੇ ਨੌਜਵਾਨਾਂ ਦੀ ਰੱਖਿਆ ਕਰਨਾ ਅਤੇ ਉਹਨਾਂ ਨੂੰ ਠੀਕ ਰੱਖਣਾ ਹਰ ਇੱਕ ਵਿਅਕਤੀ ਲਈ ਤਰਜੀਹ ਹੋਵੇ।

ਜੇ ਇਹਨਾਂ ਵਿੱਚੋਂ ਕਿਸੇ ਵੀ ਮੁੱਦੇ ਬਾਰੇ ਤੁਹਾਨੂੰ ਕੋਈ ਸਹਾਇਤਾ ਦੀ ਲੋੜ ਹੋਵੇ, ਤਾਂ ਬਹੁਤ ਸਾਰੀਆਂ ਏਜੰਸੀਆਂ ਹਨ ਜੋ ਮਦਦ ਕਰ ਸਕਦੀਆਂ ਹਨ।

## ਉਪਯੋਗੀ ਟੈਲੀਫ਼ੋਨ ਨੰਬਰ

**ਸੰਕਟ**
(ਪੁਲੀਸ, ਫ਼ਾਇਰ ਬ੍ਰਿਗੇਡ, ਐਂਬੂਲੈਂਸ, ਕੋਸਟਗਾਰਡ) 999

**ਬਾਲ ਰੱਖਿਆ**
ਰਾਸ਼ਟਰੀ ਹੈਲਪਲਾਈਨ - 0800 022 3222

**ਘਰੇਲੂ ਦੁਰਵਿਹਾਰ**
ਰਾਸ਼ਟਰੀ ਹੈਲਪਲਾਈਨ - 0800 027 1234

**ਪੀੜਿਤ ਵਿਅਕਤੀ ਲਈ ਸਮਰਥਨ**
ਰਾਸ਼ਟਰੀ ਹੈਲਪਲਾਈਨ - 0845 603 2000

**ਸਿਹਤ ਸੇਵਾਵਾਂ**
NHS 24 (24 ਘੰਟੇ ਖੁਲ੍ਹਾ) - 08454 242424

**ਕਮੀਸ਼ਨ ਫ਼ਾਰ ਰੇਸ਼ਿਅਲ ਇਕਵੈਲਿਟੀ (ਨਸਲੀ ਬਰਾਬਰੀ ਲਈ ਕਮੀਸ਼ਨ)**
ਰਾਸ਼ਟਰੀ ਹੈਲਪਲਾਈਨ - 0131 524 2000

**ਪੇਰੇਂਟ ਲਾਈਨ (ਮਾਤਾ-ਪਿਤਾ ਲਈ ਲਈਨ)**
ਰਾਸ਼ਟਰੀ ਹੈਲਪਲਾਈਨ - 0808 800 2222

**ਚਾਈਲਡਲਾਈਨ**
ਰਾਸ਼ਟਰੀ ਹੈਲਪਲਾਈਨ - 0800 1111

## ਉਪਯੋਗੀ ਪ੍ਰਕਾਸ਼ਨ

ਬੱਚੇ, ਸਰੀਰਕ ਸਜ਼ਾ ਅਤੇ ਕਨੂੰਨ (Children, Physical Punishment and the Law)ः ਸਕੌਟਲੈਂਡ ਵਿੱਚ ਮਾਤਾ-ਪਿਤਾ ਲਈ ਗਾਈਡ 2003 ਸਕੌਟਿਸ਼ ਐਗਜ਼ੀਕਿਊਟਿਵ ISBN 0 7559 0898 8

ਬੱਚਿਆਂ ਅਤੇ ਨੌਜਵਾਨਾਂ ਦੀ ਰੱਖਿਆ ਕਰਨੀः ਜੇ ਤੁਸੀਂ ਕਿਸੇ ਬੱਚੇ ਜਾਂ ਨੌਜਵਾਨ ਬਾਰੇ ਫ਼ਿਕਰਮੰਦ ਹੋ ਤਾਂ ਮਦਦ ਕਰਨ ਲਈ ਤੁਸੀਂ ਕੀ ਕਰ ਸਕਦੇ ਹੋ
2004 ਸਕੌਟਿਸ਼ ਐਗਜ਼ੀਕਿਊਟਿਵ

ਜੇ ਤੁਸੀਂ ਕਿਸੇ ਬੱਚੇ ਜਾਂ ਨੌਜਵਾਨ ਦੀ ਸੁਰੱਖਿਆ ਜਾਂ ਕਲਿਆਣ ਬਾਰੇ ਫ਼ਿਕਰਮੰਦ ਤਾਂ ਕਿਰਪਾ ਕਰਕੇ ਹੇਠਾਂ ਲਿਖੇ ਨਾਲ ਸੰਪਰਕ ਕਰੋः

## ਸਥਾਨਕ ਨੰਬਰ

**ਬਾਰਹੈਡ ਸੋਸ਼ਲ ਵਰਕ ਆਫ਼ਿਸ** 0141 577 8300

**ਕਲਾਰਕਸਟਨ ਸੋਸ਼ਲ ਵਰਕ ਆਫ਼ਿਸ** 0141 577 4000

**ਸਟੈਂਡਬਾਇ ਸੋਸ਼ਲ ਵਰਕ, ਕੰਮਕਾਜੀ ਸਮੇਂ ਦੇ ਬਾਅਦ** 0800 811 505

**ਸਕੌਟਿਸ਼ ਚਿਲਡ੍ਰਨਜ਼ ਰਿਪੋਰਟਰ ਐਡਮਿਨਿਸਟ੍ਰੇਸ਼ਨ** 0300 200 1400

**ਈਸਟ ਰੇਨਫ਼੍ਰਿਉਸ਼ਾਇਰ ਐਜੂਕੇਸ਼ਨ ਡਿਪਾਰਟਮੈਂਟ** 0141 577 3000

**ਈਸਟ ਰੇਨਫ਼੍ਰਿਉਸ਼ਾਇਰ ਕਾਉਂਸਿਲ ਹਾਉਸਿੰਗ ਡਿਪਾਰਟਮੈਂਟ** 0141 577 3001 **(ਕੰਮਕਾਜੀ ਸਮਾਂ)**
0800 052 0180 **(ਸ਼ਾਮ 4.45 ਵਜੇ ਦੇ ਬਾਅਦ ਅਤੇ ਵੀਕਏਂਡ)**

**ਵਿਮੇਂਸ ਏਡ** 0141 876 9565

**ਗਲਾਸਗੋ ਰਿਫ਼ਊਜੀ ਕਾਉਂਸਿਲ** 0800 085 6087 **ਜਾਂ** 0141 248 9799

ਹੋ ਸਕਦਾ ਹੈ ਉੱਪਰ ਦਿੱਤੇ ਟੈਲੀਫ਼ੋਨ ਨੰਬਰਾਂ ਦਾ ਜਵਾਬ ਦੇਣ ਵਾਲਾ ਸਟਾਫ਼ ਸਿਰਫ਼ ਅੰਗ੍ਰੇਜ਼ੀ ਬੋਲਦਾ ਹੋਵੇ।

ਇਸ ਕਿਤਾਬਚੇ ਨੂੰ ਵਿਕਸਿਤ ਕਰਨ ਅਤੇ ਇਸਦੀ ਸਮੱਗਰੀ ਸਾਂਝੀ ਕਰਨ ਲਈ ਐਡਿਨਬਰਗ, ਲੋਥਿਅਨ ਐਂਡ ਬਾਰਡਰਜ਼ ਚਾਈਲਡ ਪ੍ਰੋਟੈਕਸ਼ਨ ਆਫ਼ਿਸ ਨੂੰ ਧੰਨਵਾਦ ਦੇ ਨਾਲ।